ਭਗਤ ਨਾਮਦੇਵ - ਸਬਦ ੫੦

ਸਾਹਿਬੁ ਸੰਕਟਵੈ ਸੇਵਕੁ ਭਜੈ ॥

ਰਾਗੁ ਬਸੰਤੁ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੯੫

ਸਾਹਿਬੁ ਸੰਕਟਵੈ ਸੇਵਕੁ ਭਜੈ ॥
ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥੧॥
ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥
ਚਰਨ ਕਮਲ ਮੇਰੇ ਹੀਅਰੇ ਬਸੈਂ ॥੧॥ ਰਹਾਉ ॥
ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ॥
ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ ॥੨॥
ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥
ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥੩॥੧॥

ਸਾਰ: ਡਰ, ਲਾਲਚ ਜਾਂ ਦੂਜਿਆਂ ਦੀ ਮਨਜ਼ੂਰੀ ਪ੍ਰਾਪਤ ਕਰਨ ਦੀ ਇੱਛਾ ਦੇ ਦਬਾਅ ਹੇਠ ਜੋ ਅੰਤਹਕਰਣ ਆਪਣੇ ਮੂਲ ਨੈਤਿਕ ਮੁੱਲਾਂ ਨੂੰ ਤਿਆਗ ਦਿੰਦਾ ਹੈ, ਉਸ ਦੀ ਨੀਂਹ ਸਮਰਥਾ ਹੀਨ ਹੋ ਜਾਂਦੀ ਹੈ। ਦਿਆਨਤਦਾਰੀ ਦਾ ਪ੍ਰਗਟਾਵਾ ਸੁਖ ਅਤੇ ਸੁਵਿਧਾ ਦੇ ਪਲਾਂ ਵਿਚ ਨਹੀਂ, ਬਲਕਿ ਬਾਹਰੀ ਚੁਣੌਤੀਆਂ ਦੇ ਬਾਵਜੂਦ ਆਪਣੇ ਸਿਧਾਂਤਾਂ ਉੱਤੇ ਅਡੋਲ ਟਿਕੇ ਰਹਿਣ ਵਿਚ ਹੁੰਦਾ ਹੈ। ਸਿਧਾਂਤਾਂ ਨਾਲ ਸਮਝੌਤਾ ਕੁਝ ਸਮੇਂ ਲਈ ਲਾਭ ਤਾਂ ਦੇ ਸਕਦਾ ਹੈ, ਪਰ ਇਸ ਨਾਲ ਸਵੈ-ਸਨਮਾਨ ਦੀ ਹਾਨੀ ਹੁੰਦੀ ਹੈ ਅਤੇ ਇਹ ਭਰੋਸੇ ਨੂੰ ਛੱਲੀ-ਛੱਲੀ ਕਰ ਦਿੰਦਾ ਹੈ। ਅਜਿਹਾ ਜੀਵਨ ਪ੍ਰਤਿਭਾ ਹੀਨ ਹੋ ਜਾਂਦਾ ਹੈ ਕਿਉਂ ਕਿ ਇਹ ਨਿੱਜ ਦੇ ਸੱਚ ਨਾਲ ਹੀ ਨਹੀਂ ਸਗੋਂ ਮਾਨਵਤਾ ਦੀਆਂ ਸਾਂਝੀਆਂ ਕਦਰਾਂ-ਕੀਮਤਾਂ ਨਾਲ ਵੀ ਵਿਸ਼ਵਾਸ਼ਘਾਤ ਕਰਦਾ ਹੈ। ਸੱਚਾ ਸਨਮਾਨ ਸੱਚਾਈ ਉਪਰ ਪਹਿਰਾ ਦੇਣ ਨਾਲ ਹੀ ਮਿਲਦਾ, ਭਾਵੇਂ ਸੰਸਾਰ ਇਸ ਦੇ ਉਲਟ ਹੀ ਕਿਉਂ ਨਾ ਖੜ੍ਹਾ ਹੋਵੇ।

ਸਾਹਿਬੁ ਸੰਕਟਵੈ ਸੇਵਕੁ ਭਜੈ ॥

ਜੇਕਰ ਮਾਲਕ ਸੰਕਟ ਵਿਚ ਹੋਵੇ, ‘ਤੇ ਨੌਕਰ ਭੱਜ ਜਾਵੇ। ਇਹ ਭਾਵ ਇਕ ਅਜਿਹੇ ਅੰਤਹਕਰਣ ਦਾ ਵਰਣਨ ਕਰਦਾ ਹੈ ਜੋ ਬਾਹਰੀ ਦਬਾਅ ਕਾਰਣ ਆਪਣੀਆਂ ਮੂਲ ਕਦਰਾਂ-ਕੀਮਤਾਂ ਅਤੇ ਅਤੇ ਇਮਾਨਦਾਰੀ ਨੂੰ ਤਿਆਗ ਦਿੰਦਾ ਹੈ।

ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥੧॥

ਅਜਿਹੀ ਮਨੋਬਿਰਤੀ ਟਿਕ ਨਹੀਂ ਸਕਦੀ; ਜਿਸ ਕਾਰਣ ਇਹ ਇਮਾਨ ਅਤੇ ਮਨੁੱਖਤਾ ਦੋਵਾਂ ਕੁਲਾਂ ਦਾ ਅਪਮਾਨ ਕਰਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਕੋਈ ਆਪਣੇ ਨਿੱਜ ਅੰਤਰੀਵ ਪ੍ਰਤੀ ਬੇਵਫ਼ਾ ਹੋ ਜਾਵੇ ਤਾਂ ਇਹ ਆਪਣੇ ਆਪ ਅਤੇ ਸਮਾਜ ਲਈ ਹੀਨਤਾ ਦਾ ਕਾਰਣ ਬਣਦਾ ਹੈ। (੧)

ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥

ਮੈਂ ਸਰਬਵਿਆਪਕਤਾ ਪ੍ਰਤੀ ਸ਼ਰਧਾ ਦਾ ਤਿਆਗ ਨਹੀਂ ਕਰਾਂਗਾ, ਭਾਵੇਂ ਦੁਨੀਆਂ ਮਜ਼ਾਕ ਉਡਾਵੇ। ਇਹ ਭਾਵ ਰਵਾਇਤੀ ਸਮਾਜ ਦੀ ਆਲੋਚਨਾ ਦੇ ਬਾਵਜੂਦ ਏਕਤਾ 'ਤੇ ਧਿਆਨ ਕੇਂਦਰਿਤ ਰੱਖਣ ਦੇ ਦ੍ਰਿੜ ਇਰਾਦੇ ਨੂੰ ਦਰਸਾਉਂਦਾ ਹੈ।

ਚਰਨ ਕਮਲ ਮੇਰੇ ਹੀਅਰੇ ਬਸੈਂ ॥੧॥ ਰਹਾਉ ॥

ਮੇਰੇ ਹਿਰਦੇ ਵਿਚ ਨਿਮਰਤਾ ਵਾਸ ਕਰੇ। ਇਹ ਭਾਵ ਸਕਾਰਾਤਮਕ ਗੁਣਾਂ ਦੀ ਇਮਾਨਦਾਰ ਨਾਲ ਕੀਤੀ ਖੋਜ ਨੂੰ ਦਰਸਾਉਂਦਾ ਹੈ। (੧)(ਠਹਿਰਾਉ)

ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ॥

ਜਿਵੇਂ ਕੋਈ ਵਿਅਕਤੀ ਆਪਣੀ ਧਨ-ਸੰਪਦਾ ਦੀ ਰੱਖਿਆ ਲਈ ਆਪਣੀ ਜਾਨ ਤੱਕ ਕੁਰਬਾਨ ਕਰਨ ਲਈ ਤਿਆਰ ਹੋਵੇ। ਇਹ ਭਾਵ ਉਸ ਦ੍ਰਿੜ੍ਹ ਨਿਸ਼ਚੇ ਦੀ ਤੀਬਰਤਾ ਨੂੰ ਦਰਸਾਉਂਦਾ ਹੈ ਜੋ ਆਤਮਿਕ ਤੌਰ ’ਤੇ ਕੀਮਤੀ ਚੀਜ਼ਾਂ ਦੀ ਰੱਖਿਆ ਲਈ ਲੋੜੀਂਦਾ ਹੈ।

ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ ॥੨॥

ਇਸੇ ਤਰ੍ਹਾਂ, ਭਗਤ ਸਰਬ-ਵਿਆਪਕ ਸਤਾ ਦਾ ਬਿਬੇਕ ਰੂਪੀ ਚਿੰਤਨ ਕਰਨਾ ਕਦੇ ਨਹੀਂ ਛੱਡਦੇ। ਇਹ ਭਾਵ ਦਰਸਾਉਂਦਾ ਹੈ ਕਿ ਏਕਮ ਸਤਾ ਦੀ ਜਾਗਰੂਕਤਾ ਹੀ ਸੱਚੀ ਦੌਲਤ ਹੈ, ਜਿਸ ਦੀ ਰੱਖਿਆ ਮਨੁੱਖ ਨੂੰ ਆਪਣੀ ਜਾਨ ਦੀ ਕੀਮਤ 'ਤੇ ਵੀ ਕਰਨੀ ਚਾਹੀਦੀ ਹੈ। (੨)

ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥

ਗੰਗਾ, ਗਯਾ ਅਤੇ ਗੋਦਾਵਰੀ ਦੀ ਯਾਤਰਾ ਕਰਨਾ ਕੇਵਲ ਇਕ ਸੰਸਾਰਕ ਕਰਮ ਹੈ। ਇਹ ਭਾਵ ਦਰਸਾਉਂਦਾ ਹੈ ਕਿ ਬਾਹਰੀ ਦਿਖਾਵਾ ਅਤੇ ਧਾਰਮਿਕ ਰਸਮਾਂ ਸਮਾਜ ਨੂੰ ਪ੍ਰਭਾਵਿਤ ਤਾਂ ਕਰ ਸਕਦੀਆਂ ਹਨ, ਪਰ ਇਹ ਅੰਤਰੀਵੀ ਭਗਤੀ ਅਤੇ ਇਮਾਨਦਾਰੀ ਦੀ ਥਾਂ ਨਹੀਂ ਲੈ ਸਕਦੀਆਂ।

ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥੩॥੧॥

ਜਦੋਂ ਨਾਰਾਇਣ, ਜੋ ਸਰਬ-ਵਿਆਪਕ ਚੇਤਨਾ ਦਾ ਪ੍ਰਤੀਕ ਹੈ, ਆਤਮਿਕ ਆਨੰਦ ਦੀ ਦਾਤ ਬਖ਼ਸ਼ਦਾ ਹੈ, ਤਾਂ ਨਾਮਦੇਵ ਉਸ ਪ੍ਰਤੀ ਸਮਰਪਿਤ ਹੋ ਜਾਂਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਅੰਤਰੀਵੀ ਗ੍ਰਹਿਣਸ਼ੀਲਤਾ ਦੀ ਕਿਰਪਾ, ਹੋਂਦ ਦੇ ਮੂਲ ਤੱਤਸਾਰ ਨਾਲ ਇਕਸੁਰਤਾ ਕਾਇਮ ਕਰ ਲੈਂਦੀ ਹੈ। (੩)(੧)

ਤੱਤ: ਭਗਤ ਨਾਮਦੇਵ ਭਗਤੀ ਦੀ ਇਕ ਸੂਖਮ ਪਰਖ ਵੱਲ ਧਿਆਨ ਦਿਵਾਉਂਦੇ ਹਨ, ਜੋ ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਨਿਰੰਤਰ ਪ੍ਰਗਟ ਹੁੰਦੀ ਹੈ। ਅਸੀਂ ਬਾਹਰੀ ਧਾਰਮਿਕ ਕਰਮਾਂ ਅਤੇ ਅਜਿਹੇ ਦਿਖਾਵਿਆਂ ਵਿਚ ਰੁੱਝੇ ਰਹਿ ਸਕਦੇ ਹਾਂ ਜੋ ਸਮਾਜ ਨੂੰ ਪ੍ਰਭਾਵਿਤ ਕਰਦੇ ਹਨ, ਪਰ ਇਹ ਕਦੇ ਵੀ ਅੰਤਰੀਵੀ ਸੱਚੇ ਸਮਰਪਣ-ਭਾਵ ਦੀ ਥਾਂ ਨਹੀਂ ਲੈ ਸਕਦੇ। ਸੱਚੀ ਭਗਤੀ ਵੱਲ ਵਿਕਾਸ ਉਸ ਵੇਲੇ ਸ਼ੁਰੂ ਹੁੰਦਾ ਹੈ, ਜਦੋਂ ਆਪਣੇ ਪ੍ਰਤੀ ਦਇਆ ਮਨ ਦੀ ਵਿਰੋਧਤਾ ਅਤੇ ਕਠੋਰਤਾ ਨੂੰ ਹੌਲਾ ਕਰ ਦਿੰਦੀ ਹੈ ਜਿਸ ਨਾਲ ਮਨ ਗ੍ਰਹਿਣਸ਼ੀਲ ਬਣ ਜਾਂਦਾ ਹੈ। ਸਹਿਜ ਦੀ ਅਵਸਥਾ ਵਿਚ, ਸੱਚ ਪ੍ਰਤੀ ਭਗਤੀ ਦੂਜਿਆਂ ਦੀ ਪ੍ਰਵਾਨਗੀ ਹਾਸਲ ਕਰਨ ਲਈ ਕੀਤਾ ਗਿਆ ਕੋਈ ਦਿਖਾਵਾ ਨਹੀਂ ਰਹਿੰਦੀ, ਇਸ ਦਾ ਪ੍ਰਵਾਹ ਅੰਦਰੋਂ ਆਪ ਮੁਹਾਰੇ ਫੁੱਟਦਾ ਹੈ। ਇਹ ਸਦਭਾਵਨਾ ਹੀ ਇਕਮਾਤਰ ਸੱਚੀ ਦੌਲਤ ਹੈ, ਜਿਸ ਦੀ ਰੱਖਿਆ ਮਨੁੱਖ ਨੂੰ ਆਪਣੀ ਜਾਨ ਜੋਖਮ ਵਿਚ ਪਾ ਕੇ ਵੀ ਕਰਨੀ ਚਾਹੀਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**